# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

# 08:30

**ਮਿਤੀ :19-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਸਰਕਾਰ ਨੇ ਪਾਈਪ ਰਾਹੀਂ ਰਸੋਈ ਗੈਸ ਕਨੈਕਸ਼ਨ, PNG ਨੂੰ ਘਰ-ਘਰ ਪਹੁੰਚਾਉਣ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਏ।

- ਨੈਸ਼ਨਲ ਟੈਸਟਿੰਗ ਏਜੰਸੀ, NTA ਨੇ ਆਪਣੀ ਟੀਮ ਵਿੱਚ ਸ਼ਾਮਲ 600 ਮਾਹਿਰਾਂ ਨੂੰ ਹਟਾ ਕੇ, ਨਵੇਂ ਮਾਹਿਰਾਂ ਨੂੰ ਸ਼ਾਮਲ ਕੀਤਾ ਏ।

- ਝਾਰਖੰਡ ਸਰਕਾਰ ਨੇ ਬੇਨਿਯਮੀਆਂ ਕਾਰਨ ਰੱਦ ਕੀਤੀਆਂ ਗਈਆਂ, 44 ਭਰਤੀ ਪ੍ਰੀਖਿਆਵਾਂ ਦੀ ਸੂਚੀ ਜਾਰੀ ਕੀਤੀ ਏ।

- ਦਿੱਲੀ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਦਿੱਲੀ ਜਲ ਬੋਰਡ ਦੀ ਟੈਂਡਰ ਪ੍ਰਕਿਰਿਆ 'ਚ ਬੇਨਿਯਮੀਆਂ ਦੇ ਸਬੰਧ ਵਿੱਚ, ਆਮ

ਆਦਮੀ ਪਾਰਟੀ ਦੇ ਨੇਤਾ, ਸਤੇਂਦਰ ਕੁਮਾਰ ਜੈਨ ਸਮੇਤ 6 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਏ।

- ਮਰਦਾਂ ਦੇ FIH ਵਿਸ਼ਵ ਕੱਪ ਹਾਕੀ ਵਿੱਚ, ਅੱਜ ਪੂਲ D ਵਿੱਚ, ਭਾਰਤ ਦਾ ਮੁਕਾਬਲਾ ਸ਼ਾਮੀਂ ਸਾਢੇ 6 ਵਜੇ ਪਾਕਿਸਤਾਨ ਨਾਲ ਹੋਵੇਗਾ।

## *ਹੁਣ ਖਬਰਾਂ ਵਿਸਥਾਰ ਨਾਲ*

ਸਰਕਾਰ ਨੇ ਪਾਈਪ ਰਾਹੀਂ ਰਸੋਈ ਗੈਸ ਕਨੈਕਸ਼ਨ, PNG ਘਰ-ਘਰ ਪਹੁੰਚਾਉਣ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਏ। ਇਸਦਾ ਉਦੇਸ਼ ਸਾਫ਼, ਸੁਰੱਖਿਅਤ ਅਤੇ ਕਿਫਾਇਤੀ ਰਸੋਈ ਗੈਸ ਪ੍ਰਦਾਨ ਕਰਨਾ ਏ। ਇਹ ਯੋਜਨਾ ਅਗਲੇ ਮਹੀਨੇ ਦੀ ਇੱਕ  ਤਰੀਕ ਤੋਂ ਸ਼ੁਰੂ ਹੋ ਕੇ, ਛੇ-ਛੇ ਮਹੀਨਿਆਂ ਲਈ, ਦੋ ਪੜਾਵਾਂ ਵਿੱਚ ਲਾਗੂ ਕੀਤੀ ਜਾਵੇਗੀ।

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਕਿਹਾ ਕਿ ਇਸ ਯੋਜਨਾ ਦਾ ਉਦੇਸ਼, ਵੱਧ ਤੋਂ ਵੱਧ ਘਰਾਂ ਨੂੰ ਪਾਈਪ ਰਾਹੀਂ ਰਸੋਈ ਗੈਸ ਪ੍ਰਦਾਨ ਕਰਨਾ ਏ।

ਇਸ ਵੇਲੇ ਦੇਸ਼ ਵਿੱਚ, ਇੱਕ ਕਰੋੜ 74 ਲੱਖ ਘਰੇਲੂ PNG ਕੁਨੈਕਸ਼ਨ ਨੇ।

---------------------------------------------------------------------------------------

ਨੈਸ਼ਨਲ ਟੈਸਟਿੰਗ ਏਜੰਸੀ (NTA) ਨੇ ਆਪਣੀ ਟੀਮ ਵਿੱਚ ਸ਼ਾਮਲ 600 ਮਾਹਿਰਾਂ ਨੂੰ ਹਟਾ ਕੇ, ਨਵੇਂ ਮਾਹਿਰਾਂ ਨੂੰ ਸ਼ਾਮਲ ਕੀਤਾ ਏ। ਸਿੱਖਿਆ ਮੰਤਰਾਲੇ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ, ਪ੍ਰਸ਼ਨ ਪੱਤਰਾਂ ਦੀ ਚੰਗੀ ਤਰ੍ਹਾਂ ਜਾਂਚ ਕਰਨ ਲਈ, ਇੱਕ ਚਾਰ-ਪੱਧਰੀ ਜਾਂਚ ਪ੍ਰਣਾਲੀ ਲਾਗੂ ਕੀਤੀ ਜਾਵੇਗੀ।

NTA ਦਫ਼ਤਰਾਂ ਨੂੰ CISF ਸੁਰੱਖਿਆ ਵੀ ਪ੍ਰਦਾਨ ਕੀਤੀ ਜਾਵੇਗੀ।

NTA ਨੇ ਇਹ ਫੈਸਲਾ, ਸਿੱਖਿਆ ਮੰਤਰੀ ਪ੍ਰਹਿਲਾਦ ਜੋਸ਼ੀ ਦੇ ਨਿਰਦੇਸ਼ਾਂ ਤੋਂ ਬਾਅਦ ਲਿਆ, ਜਿਨ੍ਹਾਂ ਨੇ ਪ੍ਰੀਖਿਆਵਾਂ ਦੇ ਸੁਚਾਰੂ ਸੰਚਾਲਨ ਲਈ ਸਾਰੇ ਉਪਾਅ ਕਰਨ ਲਈ ਕਿਹਾ ਏ।

---------------------------------------------------------------------------------------

ਝਾਰਖੰਡ ਸਰਕਾਰ ਨੇ ਬੇਨਿਯਮੀਆਂ ਕਾਰਨ ਰੱਦ ਕੀਤੀਆਂ ਗਈਆਂ, 44 ਭਰਤੀ ਪ੍ਰੀਖਿਆਵਾਂ ਦੀ ਸੂਚੀ ਜਾਰੀ ਕੀਤੀ ਏ। ਇਨ੍ਹਾਂ ਵਿੱਚ ਝਾਰਖੰਡ ਲੋਕ ਸੇਵਾ ਕਮਿਸ਼ਨ ਅਤੇ ਆਊਟਸੋਰਸਿੰਗ ਏਜੰਸੀ 'TRS ਡਾਟਾ ਪ੍ਰੋਸੈਸਿੰਗ ਪ੍ਰਾਈਵੇਟ ਲਿਮਟਿਡ' (TDPL) ਵੱਲੋਂ 2014 ਤੋਂ ਕਰਵਾਈਆਂ ਗਈਆਂ ਪ੍ਰੀਖਿਆਵਾਂ ਸ਼ਾਮਲ ਨੇ।

ਰੱਦ ਕੀਤੀਆਂ ਗਈਆਂ ਪ੍ਰੀਖਿਆਵਾਂ ਵਿੱਚ ਡਰੱਗ ਇੰਸਪੈਕਟਰ, ਸਹਾਇਕ ਪ੍ਰੋਫੈਸਰ, ਡਿਪਟੀ ਕੁਲੈਕਟਰ, ਡੈਂਟਲ ਡਾਕਟਰ, ਸਹਾਇਕ ਇੰਜੀਨੀਅਰ,

ਸਿਵਲ ਜੱਜ, ਵਧੀਕ ਸਰਕਾਰੀ ਵਕੀਲ ਅਤੇ Forest ਰੇਂਜ ਅਫਸਰ ਦੇ ਅਹੁਦਿਆਂ ਲਈ ਪ੍ਰੀਖਿਆਵਾਂ ਸ਼ਾਮਲ ਨੇ। ਸਰਕਾਰੀ ਪੌਲੀਟੈਕਨਿਕਾਂ ਵਿੱਚ ਲੈਕਚਰਾਰ, ਸੀਨੀਅਰ Scientific ਅਧਿਕਾਰੀਆਂ, Assistant Conservatory ਅਤੇ ਹੋਰ ਪ੍ਰਸ਼ਾਸਕੀ ਅਤੇ ਤਕਨੀਕੀ ਅਹੁਦਿਆਂ ਲਈ, ਪ੍ਰੀਖਿਆਵਾਂ ਵੀ ਰੱਦ ਕਰ ਦਿੱਤੀਆਂ ਗਈਆਂ ਨੇ।

ਝਾਰਖੰਡ ਸਰਕਾਰ ਦੇ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਏ ਕਿ, ਹਾਈ ਕੋਰਟ ਨੂੰ ਬੇਨਿਯਮੀਆਂ ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ ਲਈ, ਇੱਕ ਫਾਸਟ-ਟਰੈਕ ਅਦਾਲਤ ਸਥਾਪਤ ਕਰਨ ਦੀ ਬੇਨਤੀ ਕੀਤੀ ਜਾਵੇਗੀ। ਇਸ ਤੋਂ ਇਲਾਵਾ, JPSC ਅਤੇ JSSC ਵਿੱਚ, ਇੱਕ ਅੰਦਰੂਨੀ ਵਿਜੀਲੈਂਸ ਸੈੱਲ ਸਥਾਪਤ ਕੀਤਾ ਜਾਵੇਗਾ।

ਸੀਨੀਅਰ IAS ਅਧਿਕਾਰੀ, ਅਮਿਤਾਭ ਕੌਸ਼ਲ ਦੀ ਅਗਵਾਈ ਵਾਲੀ ਕਮੇਟੀ, ਦੋ ਮਹੀਨਿਆਂ ਦੇ ਅੰਦਰ ਆਪਣੀ ਰਿਪੋਰਟ ਪੇਸ਼ ਕਰੇਗੀ।

---------------------------------------------------------------------------

ਪੱਛਮੀ ਬੰਗਾਲ ਵਿੱਚ, ਅੱਜ ਸਵੇਰੇ ਕੋਲਕਾਤਾ ਦੇ ਨਿਊ ਮਾਰਕੀਟ ਇਲਾਕੇ ਵਿੱਚ ਫ੍ਰੀ ਸਕੂਲ ਸਟ੍ਰੀਟ 'ਤੇ ਸਥਿਤ ਇੱਕ ਹੋਟਲ ਵਿੱਚ ਅੱਗ ਲੱਗਣ ਕਾਰਨ, 9 ਲੋਕਾਂ ਦੀ ਮੌਤ ਹੋ ਗਈ ਅਤੇ 6 ਹੋਰ ਜ਼ਖ਼ਮੀ ਹੋ ਗਏ। ਪੁਲਿਸ ਹਲਕਿਆਂ ਨੇ ਦੱਸਿਆ ਕਿ, ਅੱਗ ਰਾਤੀਂ ਕਰੀਬ 2 ਵਜੇ ਲੱਗੀ। ਮੁੱਢਲੀ

ਜਾਂਚ ਤੋਂ ਪਤਾ ਲੱਗਾ ਏ ਕਿ ਹੋਟਲ ਵਿੱਚ ਕਥਿਤ ਤੌਰ 'ਤੇ ਅੱਗ ਤੋਂ ਬਚਾਅ ਜਾਂ ਅੱਗ ਬੁਝਾਉਣ ਦਾ ਕੋਈ ਪ੍ਰਬੰਧ ਨਹੀਂ ਸੀ।

---------------------------------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤਾਮਿਲਨਾਡੂ ਦੇ ਦੋ-ਦਿਨਾਂ ਦੌਰੇ 'ਤੇ ਅੱਜ ਸ਼ਾਮ ਚੇਨਈ ਪਹੁੰਚ ਰਹੇ ਨੇ। ਉਹ ਭਲਕੇ ਚੇਨਈ ਨੇੜੇ ਕੋਵਾਲਮ ਵਿਖੇ, ਦੱਖਣੀ ਭਾਰਤ ਦੇ ਮੁੱਖ ਮੰਤਰੀਆਂ ਦੀ ਇੱਕ ਕਾਨਫਰੰਸ ਵਿੱਚ ਸ਼ਾਮਲ ਹੋਣਗੇ। ਇਸ ਕਾਨਫਰੰਸ ਵਿੱਚ ਤਾਮਿਲਨਾਡੂ, ਕੇਰਲਾ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਪੁਦੂਚੇਰੀ ਦੇ ਮੁੱਖ ਮੰਤਰੀ ਸ਼ਾਮਲ ਹੋਣਗੇ।

---------------------------------------------------------------------------

ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਭਾਰਤ ਅਤੇ ਜਾਪਾਨ ਵਿਚਕਾਰ ਡੂੰਘੀ ਭਾਈਵਾਲੀ ਅਤੇ ਇਸਦੇ ਰਣਨੀਤਕ ਮਹੱਤਵ 'ਤੇ ਜ਼ੋਰ ਦਿੱਤਾ ਏ। ਉਨ੍ਹਾਂ ਨੇ ਜਾਪਾਨੀ ਕੰਪਨੀਆਂ ਨੂੰ ਭਾਰਤ ਵਿੱਚ ਨਿਵੇਸ਼ ਅਤੇ ਭਾਈਵਾਲੀ ਵਧਾਉਣ ਦਾ ਸੱਦਾ ਵੀ ਦਿੱਤਾ।

ਸ਼੍ਰੀ ਗੋਇਲ ਨੇ ਨਵੀਂ ਦਿੱਲੀ ਵਿੱਚ ਜਾਪਾਨੀ ਵਫ਼ਦ ਨੂੰ ਦੱਸਿਆ ਕਿ ਦੋਵਾਂ ਦੇਸ਼ਾਂ ਦੀ ਇੱਕ ਮਜ਼ਬੂਤ ਭਾਈਵਾਲੀ ਏ, ਜੋ ਕਿ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਸਾਂਝੀਆਂ ਇੱਛਾਵਾਂ 'ਤੇ ਅਧਾਰਤ ਏ।

---

ਦਿੱਲੀ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਆਮ ਆਦਮੀ ਪਾਰਟੀ ਦੇ ਨੇਤਾ ਅਤੇ ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਕੁਮਾਰ ਜੈਨ, IAS ਅਤੇ ਦਿੱਲੀ ਜਲ ਬੋਰਡ ਦੇ ਸਾਬਕਾ CEO ਉਦਿਤ ਪ੍ਰਕਾਸ਼ ਰਾਏ ਅਤੇ ਚਾਰ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਏ। ਇਹ ਗ੍ਰਿਫ਼ਤਾਰੀਆਂ ਦਿੱਲੀ ਜਲ ਬੋਰਡ ਦੇ ਸੀਵਰੇਜ ਟ੍ਰੀਟਮੈਂਟ ਪਲਾਂਟ ਨੂੰ ਅਪਗ੍ਰੇਡ ਕਰਨ ਦੀ ਟੈਂਡਰ ਪ੍ਰਕਿਰਿਆ ਵਿੱਚ, ਬੇਨਿਯਮੀਆਂ ਦੇ ਸਬੰਧ ਵਿੱਚ ਕੀਤੀਆਂ ਗਈਆਂ ਨੇ।

ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਏ ਕਿ ਕੁਝ ਗੈਰ-ਸਰਕਾਰੀ ਵਿਅਕਤੀ, ਟੈਂਡਰ ਪ੍ਰਕਿਰਿਆ ਵਿੱਚ ਹੇਰਾਫੇਰੀ ਕਰਨ ਲਈ, ਸਰਕਾਰੀ ਅਧਿਕਾਰੀਆਂ ਅਤੇ ਵਿਚੋਲਿਆਂ ਦੇ ਸੰਪਰਕ ਵਿੱਚ ਸਨ। ਇਸ ਮਾਮਲੇ ਵਿੱਚ ਪੈਸੇ ਦੇ ਲੈਣ-ਦੇਣ ਦੀ ਵੀ ਜਾਂਚ ਕੀਤੀ ਜਾ ਰਹੀ ਏ।

ਜਾਂਚ ਦੌਰਾਨ ਪੈਸੇ ਦੇ ਲੈਣ-ਦੇਣ ਦੇ ਪੂਰੇ ਵੇਰਵਿਆਂ ਅਤੇ ਅਪਰਾਧ ਰਾਹੀਂ ਕਥਿਤ ਤੌਰ 'ਤੇ ਹਾਸਲ ਕੀਤੀ ਗਈ ਰਕਮ ਦੀ ਪੜਤਾਲ ਕੀਤੀ ਜਾ ਰਹੀ ਏ। 'ਡਾਇਰੈਕਟੋਰੇਟ ਆਫ਼ ਵਿਜੀਲੈਂਸ'' ਦੀ ਸ਼ਿਕਾਇਤ 'ਤੇ ਉਨ੍ਹਾਂ ਵਿਰੁੱਧ ਇਹ ਕੇਸ ਦਰਜ ਕੀਤਾ ਗਿਆ ਸੀ।

---

ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਦੇ ਤਾਲਮੇਲ ਨਾਲ, ਇੱਕ ਗਿਰੋਹ ਦੇ ਤਿੰਨ ਕਰਕੁੰਨਾਂ ਨੂੰ ਮਲੇਸ਼ੀਆ ਤੋਂ ਭਾਰਤ ਲਿਆਉਣ ਵਿੱਚ ਸਫਲਤਾ

ਹਾਸਿਲ ਕੀਤੀ ਏ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ, ਗੌਰਵ ਯਾਦਵ ਨੇ ਕਿਹਾ ਕਿ ਇਨ੍ਹਾਂ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ, ISI ਨਾਲ ਸਬੰਧ ਨੇ ਤੇ ਇਹ ਕਤਲ, ਜਬਰੀ ਵਸੂਲੀ, ਵਿਸਫੋਟਕ ਰੱਖਣ ਅਤੇ ਹਾਲ ਹੀ ਵਿੱਚ ਲੁਧਿਆਣਾ ਵਿੱਚ Hand grenade ਧਮਾਕੇ ਦੀ ਸਾਜ਼ਿਸ਼ ਨਾਲ ਸਬੰਧਤ ਕਈ ਮਾਮਲਿਆਂ ਵਿੱਚ ਪੁਲਿਸ ਨੂੰ ਲੋੜੀਂਦੇ ਸਨ।

ਜਸਪ੍ਰੀਤ ਸਿੰਘ, ਅਜੈ ਸਿੰਘ ਅਤੇ ਪਵਨਦੀਪ ਸਿੰਘ ਨੂੰ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਗ੍ਰਿਫਤਾਰ ਕਰ ਲਿਆ ਗਿਆ। ਅੱਗੋਂ ਦੀ ਪੁੱਛ ਪੜਤਾਲ ਲਈ ਇਨ੍ਹਾਂ ਨੂੰ ਪੰਜਾਬ ਲਿਆਂਦਾ ਜਾ ਰਿਹਾ ਏ।

--------------------------------------------------------------------------------

ਹਰਿਆਣਾ ਪੁਲਿਸ ਨੇ ਪੰਜਾਬ ਸਥਿਤ ਪਰਿਵਾਰਕ ਮੈਂਬਰਾਂ ਅਤੇ ਉਨ੍ਹਾਂ ਦੇ ਸਾਥੀਆਂ ਦੇ ਇੱਕ ਅੰਤਰ-ਰਾਜੀ ਬਾਲ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ, ਇਸਦੇ ਦੇ ਸਰਗਨਾ ਪ੍ਰਗਟ ਸਿੰਘ ਨੂੰ ਪੰਜਾਬ ਦੇ ਮੁਕਤਸਰ ਤੋਂ ਗ੍ਰਿਫ਼ਤਾਰ ਕੀਤਾ ਏ ।

ਪੁਲਿਸ ਵੱਲੋਂ ਹੁਣ ਤੱਕ ਇਕੱਤਰ ਕੀਤੀ ਗਈ ਜਾਣਕਾਰੀ ਮੁਤਾਬਿਕ ਇਸ ਨੈੱਟਵਰਕ ਨੇ ਪੂਰੇ ਭਾਰਤ ਵਿੱਚ 50 ਬੱਚਿਆਂ ਨੂੰ ਵੇਚਿਆ ਏ। ਇਸ ਕਾਰਵਾਈ ਦੀ ਅਗਵਾਈ ਕਾਰਨ ਵਾਲੇ ਹਰਿਆਣਾ 'ਚ ਬਹਾਦਰਗੜ੍ਹ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ, ਮਯੰਕ ਮਿਸ਼ਰਾ ਨੇ ਸਾਡੇ ਜਲੰਧਰ ਵਾਲੇ

ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ, ਚਾਰ ਮਹੀਨਿਆਂ ਤੋਂ ਵੱਧ ਸਮੇਂ ਤਕ ਪਿੱਛਾ ਕਰਨ ਤੋਂ ਬਾਅਦ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਏ ।

ਸ੍ਰੀ ਮਿਸ਼ਰਾ ਨੇ ਕਿਹਾ ਕਿ ਹੁਣ ਤੱਕ 21 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਏ ਜੋ ਨੈੱਟਵਰਕ ਵਿੱਚ ਸ਼ਾਮਲ ਸਨ, ਜਿਨ੍ਹਾਂ ਵਿੱਚ 5 ਮਾਪੇ ਵੀ ਸ਼ਾਮਲ ਨੇ ਜਿਨ੍ਹਾਂ ਨੇ ਬੱਚਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਗੋਦ ਲਿਆ ਸੀ।

ਇਹ ਨੈੱਟਵਰਕ ਬੱਚਿਆਂ ਦੀ ਖਰੀਦ ਅਤੇ ਵਿਕਰੀ ਵਿੱਚ ਸ਼ਾਮਲ ਸੀ ਅਤੇ ਇਸ ਦੇ ਸਬੰਧ ਪੰਜਾਬ ਤੋਂ ਮਹਾਰਾਸ਼ਟਰ, ਗੁਜਰਾਤ ਅਤੇ ਸਿਲੀਗੁੜੀ ਸਮੇਤ 10 ਤੋਂ ਵੱਧ ਸੂਬਿਆਂ ਵਿੱਚ ਫੈਲੇ ਹੋਏ ਹਨ।

ਡੀਸੀਪੀ ਨੇ ਕਿਹਾ ਕਿ ਹੋਰ ਜਾਂਚ ਜਾਰੀ ਏ ਅਤੇ ਪੁਲਿਸ ਬੱਚਿਆਂ ਦੇ ਅਸਲ ਮਾਪਿਆਂ ਦਾ ਵੀ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਏ।

---

FIH ਵਿਸ਼ਵ ਕੱਪ ਹਾਕੀ ਵਿੱਚ, ਕੱਲ੍ਹ ਨੀਦਰਲੈਂਡ ਦੇ ਐਮਸਟਲਵੀਨ ਵਿੱਚ, ਭਾਰਤੀ ਮਹਿਲਾ ਟੀਮ ਨੇ ਆਪਣੇ ਦੂਜੇ ਗਰੁੱਪ ਮੈਚ ਵਿੱਚ, ਦੱਖਣੀ ਅਫਰੀਕਾ ਨੂੰ 6-1 ਨਾਲ ਹਰਾ ਦਿੱਤਾ ਏ। ਇਹ ਭਾਰਤ ਦੀ ਵਿਸ਼ਵ ਕੱਪ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਜਿੱਤ ਏ। ਇਸ ਜਿੱਤ ਨਾਲ ਭਾਰਤ ਪੂਲ D ਵਿੱਚ ਚਾਰ ਅੰਕਾਂ ਨਾਲ ਸਿਖਰ 'ਤੇ ਪਹੁੰਚ ਗਿਆ ਏ। ਭਾਰਤ ਦਾ ਅਗਲਾ ਮੁਕਾਬਲਾ ਵੀਰਵਾਰ ਨੂੰ ਇੰਗਲੈਂਡ ਨਾਲ ਹੋਵੇਗਾ।

ਓਧਰ ਮਰਦਾਂ ਦੇ ਵਰਗ ਵਿੱਚ, ਭਾਰਤ ਅੱਜ ਪੂਲ D ਦੇ ਇੱਕ ਮੈਚ ਵਿੱਚ, ਪਾਕਿਸਤਾਨ ਖਿਲਾਫ ਖੇਡੇਗਾ। ਇਹ ਮੈਚ ਭਾਰੀ ਸਮੇਂ ਅਨੁਸਾਰ ਸ਼ਾਮੀਂ ਸਾਢੇ 6 ਵਜੇ ਸ਼ੁਰੂ ਹੋਵੇਗਾ। ਭਾਰਤ ਨੇ ਹੁਣ ਤੱਕ ਦੋ ਮੈਚਾਂ ਵਿੱਚ ਤਿੰਨ ਅੰਕ ਹਾਸਲ ਕੀਤੇ ਨੇ ਅਤੇ ਅਗਲੇ ਗੇੜ ਵਿੱਚ ਪਹੁੰਚਣ ਲਈ ਉਸਨੂੰ ਅੱਜ ਦੇ ਮੈਚ ਵਿੱਚ, ਘੱਟੋ-ਘੱਟ ਡਰਾਅ ਖੇਡਣਾ ਹੋਵੇਗਾ।

---------------------------------------------------------------------------

ਹਾਕੀ ਇੰਡੀਆ ਨੇ ਭਾਰਤੀ ਮਹਿਲਾ ਹਾਕੀ ਟੀਮ ਦੀ ਫਾਰਵਰਡ ਲਾਲਰੇਮਸਿਆਮੀ ਅਤੇ ਪੁਰਸ਼ ਟੀਮ ਦੇ ਮਿਡਫੀਲਡਰ, ਰਾਜਕੁਮਾਰ ਪਾਲ ਨੂੰ ਅਰਜੁਨ ਪੁਰਸਕਾਰ 2025 ਲਈ ਚੁਣੇ ਜਾਣ 'ਤੇ ਵਧਾਈ ਦਿੱਤੀ ਏ।

---------------------------------------------------------------------------

ਕ੍ਰਿਕੇਟ ਵਿੱਚ, ਭਾਰਤ ਖਿਲਾਫ Galle ਵਿੱਚ ਪਹਿਲੇ ਟੈਸਟ ਮੈਚ ਦੇ ਪੰਜਵੇਂ ਅਤੇ ਆਖਰੀ ਦਿਨ, ਸ਼੍ਰੀਲੰਕਾ ਦੀ ਟੀਮ ਆਪਣੀ ਦੂਜੀ ਪਾਰੀ 4 ਵਿਕਟਾਂ 'ਤੇ 84 ਦੌੜਾਂ ਦੇ ਸਕੋਰ ਤੋਂ ਅੱਗੋਂ ਖੇਡਣਾ ਸ਼ੁਰੂ ਕਰੇਗੀ।

ਭਾਰਤ ਨੇ ਸ਼੍ਰੀਲੰਕਾ ਨੂੰ 372 ਦੌੜਾਂ ਦਾ ਟੀਚਾ ਦਿੱਤਾ ਏ। ਸ਼੍ਰੀਲੰਕਾ ਨੂੰ ਜਿੱਤਣ ਲਈ, ਅਜੇ ਵੀ 288 ਦੌੜਾਂ ਦੀ ਲੋੜ ਏ, ਜਦੋਂ ਕਿ ਭਾਰਤ, ਲੜੀ ਜਿੱਤਣ ਤੋਂ ਸਿਰਫ਼ ਛੇ ਵਿਕਟਾਂ ਦੂਰ ਏ।

-----------------------------------------------------------------------------------

Durand ਕੱਪ ਫੁੱਟਬਾਲ ਦੇ ਪਹਿਲੇ ਸੈਮੀਫਾਈਨਲ ਵਿੱਚ, ਅੱਜ ਕੋਲਕਾਤਾ ਵਿੱਚ, ਈਸਟ ਬੰਗਾਲ ਦਾ ਮੁਕਾਬਲਾ ਸਪੋਰਟਿੰਗ ਕਲੱਬ ਦਿੱਲੀ ਨਾਲ ਹੋਵੇਗਾ। ਇਹ ਮੈਚ ਸ਼ਾਮੀਂ 7 ਵਜੇ ਖੇਡਿਆ ਜਾਵੇਗਾ।

-----------------------------------------------------------------------------------

- ਸਰਕਾਰ ਨੇ ਪਾਈਪ ਰਾਹੀਂ ਰਸੋਈ ਗੈਸ ਕਨੈਕਸ਼ਨ, PNG ਨੂੰ ਘਰ-ਘਰ ਪਹੁੰਚਾਉਣ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਏ।

- ਨੈਸ਼ਨਲ ਟੈਸਟਿੰਗ ਏਜੰਸੀ, NTA ਨੇ ਆਪਣੀ ਟੀਮ ਵਿੱਚ ਸ਼ਾਮਲ 600 ਮਾਹਿਰਾਂ ਨੂੰ ਹਟਾ ਕੇ, ਨਵੇਂ ਮਾਹਿਰਾਂ ਨੂੰ ਸ਼ਾਮਲ ਕੀਤਾ ਏ।

- ਝਾਰਖੰਡ ਸਰਕਾਰ ਨੇ ਬੇਨਿਯਮੀਆਂ ਕਾਰਨ ਰੱਦ ਕੀਤੀਆਂ ਗਈਆਂ, 44 ਭਰਤੀ ਪ੍ਰੀਖਿਆਵਾਂ ਦੀ ਸੂਚੀ ਜਾਰੀ ਕੀਤੀ ਏ।

- ਦਿੱਲੀ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਦਿੱਲੀ ਜਲ ਬੋਰਡ ਦੀ ਟੈਂਡਰ ਪ੍ਰਕਿਰਿਆ 'ਚ ਬੇਨਿਯਮੀਆਂ ਦੇ ਸਬੰਧ ਵਿੱਚ, ਆਮ ਆਦਮੀ ਪਾਰਟੀ ਦੇ ਨੇਤਾ, ਸਤੇਂਦਰ ਕੁਮਾਰ ਜੈਨ ਸਮੇਤ 6 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਏ।

- ਮਰਦਾਂ ਦੇ FIH ਵਿਸ਼ਵ ਕੱਪ ਹਾਕੀ ਵਿੱਚ, ਅੱਜ ਪੂਲ D ਵਿੱਚ, ਭਾਰਤ ਦਾ ਮੁਕਾਬਲਾ ਸ਼ਾਮੀਂ ਸਾਢੇ 6 ਵਜੇ ਪਾਕਿਸਤਾਨ ਨਾਲ ਹੋਵੇਗਾ।

--------------------------------------------------------------------------------

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**